# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਐਸ.ਏ.ਐਸ ਨਗਰ।

## (ਬਜਟ ਸਾਖਾ)

ਸੇਵਾ ਵਿਖੇ,

1. ਸਮੂਹ ਮੰਡਲ ਸਿੱਖਿਆ ਅਫਸਰ
2. ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ)।
3. ਰਾਜ ਦੇ ਸਮੂਹ ਪ੍ਰਿੰਸੀਪਲ ਇੰਨ ਸਰਵਿਸ ਟ੍ਰੇਨਿੰਗ ਸੈਂਟਰ।
4. ਡਿਪਟੀ ਡਾਇਰੈਕਟਰ, ਰਾਜ ਸਾਇੰਸ ਸਿੱਖਿਆ ਸੰਸਥਾ ਪੰਜਾਬ, ਚੰਡੀਗੜ੍ਹ।
5. ਡਿਪਟੀ ਡਾਇਰੈਕਟਰ ਗਾਈਡੈਂਸ ਬਿਊਰੋ, ਪੰਜਾਬ, ਐਸ.ਏ.ਐਸ ਨਗਰ ।
6. ਸਲਾਹਕਾਰ ਤਕਨੀਕੀ ਸਿੱਖਿਆ ਪੰਜਾਬ, ਐਸ.ਏ.ਐਸ ਨਗਰ।
7. ਪਿੰਸੀਪਲ, ਪੀ.ਟੀ.ਟੀ.ਟੀ.ਆਈ ਮਾਹਿਲਪੁਰ (ਹੁਸ਼ਿਆਰਪੁਰ)।
8. ਖੇਤੀਬਾੜੀ ਸਲਾਹਕਾਰ, ਪੰਜਾਬ, ਐਸ.ਏ.ਐਸ ਨਗਰ।
9. ਰਜਿਸਟਰਾਰ ਸਿੱਖਿਆ ਵਿਭਾਗ।
10. ਡਿਪਟੀ ਕੰਟਰੋਲਰ(ਵਿ ਤੇ ਲੇ), ਦਫਤਰ ਡੀ.ਪੀ.ਆਈ(ਕਾ) ਪੰਜਾਬ, ਚੰਡੀਗੜ੍ਹ।
11. ਡਿਪਟੀ ਕੰਟਰੋਲਰ(ਵਿ ਤੇ ਲੇ), ਦਫਤਰ ਡੀ.ਪੀ.ਆਈ(ਐ:ਸਿ:) ਪੰਜਾਬ, ਐਸ.ਏ.ਐਸ ਨਗਰ।
12. ਡਾਇਰੈਕਟਰ, ਐਸ.ਸੀ.ਈ.ਆਰ.ਟੀ ਪੰਜਾਬ, ਐਸ.ਏ.ਐਸ ਨਗਰ।

ਮੀਮੋ ਨੰ: 11/2-16 ਬਜਟ (4) /5653-98
ਮਿਤੀ ਐਸ.ਏ.ਐਸ ਨਗਰ: 21.10.16.

ਵਿਸ਼ਾ:- ਸਾਲ 2016-17 ਦੇ ਸੋਧੇ ਬਜਟ ਅਨੁਮਾਨ ਅਤੇ ਸਾਲ 2017-18 ਦੇ ਬਜਟ ਅਨੁਮਾਨ ਨਾਨ ਪਲਾਨ ਦੀਆਂ ਤਜਵੀਜਾਂ ਭੇਜਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਾਲ 2016-17 ਦੇ ਸੋਧੇ ਬਜਟ ਅਨੁਮਾਨ ਅਤੇ 2017-18 ਦੇ ਬਜਟ ਅਨੁਮਾਨ ਸਬੰਧੀ ਤਜਵੀਜਾਂ ਵਿੱਤ ਵਿਭਾਗ ਨੂੰ ਭੇਜੀਆਂ ਜਾਣੀਆਂ ਹਨ। ਇਸਲਈ ਆਪਣੇ ਅਤੇ ਆਪਣੇ ਅਧੀਨ ਵਿਦਿਅਕ ਸੰਸਥਾਵਾਂ ਨਾਲ ਸਬੰਧਤ ਡੀ.ਡੀ.ਓਜ਼ ਤੋਂ ਸਾਲ 2016-17 ਦੇ ਸੋਧੇ ਬਜਟ ਅਨੁਮਾਨਾਂ ਦੀ ਸੂਚੀ ਅਤੇ ਸਾਲ 2017-18 ਦੇ ਬਜਟ ਅਨੁਮਾਨ ਸਮੇਤ ਸਿਫਾਰਿਸ਼ <u>ਮਿਤੀ 11-11-2016 ਤੱਕ ਦਸਤੀ ਡੀਲਿੰਗ ਸਹਾਇਕ ਜਾਂ ਜਿਸ ਨੂੰ ਇਸਦੀ ਪੂਰੀ ਜਾਣਕਾਰੀ ਹੋਵੇ, ਰਾਹੀਂ ਪੁਜਦਾ ਕੀਤਾ ਜਾਵੇ। ਡਾਕ ਰਾਹੀਂ ਭੇਜਿਆ ਹੋਇਆ ਬਜਟ ਮਨਜੂਰ ਨਹੀਂ ਕੀਤਾ ਜਾਵੇਗਾ।</u> ਰਿਟਾਇਰੀਆਂ ਦੇ ਵਾਧੇ ਘਾਟੇ ਦੇ ਮੈਡੀਕਲ ਸਬੰਧੀ ਜੋ ਅਨੁਮਾਨ ਹਨ, ਉਹ ਵੀ ਵੱਖਰੇ ਪ੍ਰਫਾਰਮੇ ਉੱਤੇ ਨਾਲ ਹੀ ਬਣਾ ਕੇ ਭੇਜੇ ਜਾਣ।

2. ਸਾਲ 2016-17 ਦੇ ਸੋਧੇ ਬਜਟ ਅਨੁਮਾਨ ਪਿਛਲੇ ਸਾਲਾਂ ਵਾਲੇ ਪ੍ਰੋਫਾਰਮੇ ਵਿੱਚ ਅਨੁਲੱਗ (ਏ.ਬੀ.ਸੀ.ਡੀ.ਜੀ) ਅਤੇ ਨਾਲ ਨੱਥੀ ਬੀ.ਐਮ-2 ਫਾਰਮ ਰਾਹੀਂ ਭੇਜੇ ਜਾਣ। ਅਨੈਕਸਚਰ ਏ ਯਾਨੀ ਕਿ ਨੋਮਿਨਲ ਰੋਲ ਵਿੱਚ ਸਟਾਫ ਦੀ ਤਨਖਾਹ ਸਕੇਲ ਸਬੰਧੀ ਮੁਕੰਮਲ ਵੇਰਵੇ ਦਰਸਾਉਂਦੇ ਹੋਏ ਭੇਜਿਆ ਜਾਵੇ। ਬਜਟ ਅਨੁਮਾਨਾਂ ਵਿੱਚ ਜਿਨਾਂ ਅਸਾਮੀਆਂ ਦੇ ਬਜਟ ਦੀ ਮੰਗ ਕੀਤੀ ਗਈ ਹੈ ਉਹਨਾਂ ਅਸਾਮੀਆਂ ਦੀ ਮਨਜ਼ੂਰੀ ਦਾ ਪੱਤਰ ਨੰ: ਅਤੇ ਮਿਤੀ ਵੀ ਦਰਜ ਕੀਤੀ ਜਾਵੇ। ਸਬੰਧਤ ਦਫਤਰ ਇਨ੍ਹਾਂ ਅਨੁਮਾਨਾਂ ਦੀ ਇੱਕ ਕਾਪੀ ਆਪਣੇ ਦਫਤਰ ਵਿੱਚ ਰਖਣਗੇ ਅਤੇ ਦੋ ਕਾਪੀਆਂ ਇਸ ਦਫਤਰ ਨੂੰ ਭੇਜਣਗੇ।

3. ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਸਾਲ 2015-16 ਦੇ ਸੋਧੇ ਬਜਟ ਅਨੁਮਾਨ ਤਿਆਰ ਕਰਨ ਤੋਂ ਪਹਿਲਾਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ <u>ਕਈ ਸਕੂਲਾਂ ਵਿੱਚ ਬਜਟ ਵਾਧੂ ਪਿਆ ਰਹਿੰਦਾ ਹੈ ਤੇ ਕਈ ਸਕੂਲਾਂ ਵਿੱਚ ਬਜਟ ਘੱਟ ਰਹਿ ਜਾਂਦਾ ਹੈ। ਇਸਲਈ ਲਿਖਿਆ ਜਾਂਦਾ ਹੈ ਕਿ ਆਪ ਦੇ ਜਿਲੇ ਵਿੱਚ ਜਿਨ੍ਹਾਂ ਸਕੂਲਾਂ ਵਿੱਚ ਬਜਟ ਵਾਧੂ ਹੋਵੇ, ਉਨ੍ਹਾਂ ਤੋਂ ਸਰੰਡਰ ਕਰਵਾ ਕੇ ਜਿਲੇ ਦੇ ਅੰਦਰ ਹੀ ਲੋੜਵੰਦ ਸਕੂਲਾਂ ਨੂੰ ਉਸ ਮੱਦ ਅਧੀਨ ਅਲਾਟ ਕੀਤਾ ਜਾਵੇ</u>, ਜਿਸ ਮੱਦ ਅਧੀਨ ਸਰੰਡਰ ਹੋਇਆ ਹੋਵੇ। ਤਨਖਾਹਾਂ ਸਬੰਧੀ ਬਜਟ ਦੀ ਤਜਵੀਜ ਅਸਲ ਖਰਚੇ ਦੇ ਅਧਾਰ ਤੇ ਭੇਜੀ ਜਾਵੇ ਤਾਂ ਜੋ ਸਾਰੇ ਸਟਾਫ ਨੂੰ ਸਾਲ 2016-17 ਦੀ ਤਨਖਾਹ ਮਿਲ ਸਕੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਤਨਖਾਹ ਉਪ ਮੱਦ ਅਧੀਨ ਪੂਰੇ ਸਾਲ ਦਾ ਢੁਕਵਾਂ ਬਜਟ ਮੰਗਿਆ ਜਾਵੇ ਤਾਂ ਜੋ ਕਿਸੀ ਵੀ ਕਰਮਚਾਰੀ ਦੀ ਤਨਖਾਹ ਨਾ ਰੁੱਕੇ।

4. ਬਿਜਲੀ, ਪਾਣੀ, ਟੈਲੀਫੋਨ, ਮੈਡੀਕਲ ਅਤੇ ਰਿਟਾਇਰਡ ਮੈਡੀਕਲ ਦੇ ਬਿਲਾਂ ਦੀ ਸੂਚੀ ਹੇਠ ਦਰਸਾਏ ਪ੍ਰੋਫਾਰਮੇ ਵਿੱਚ ਤਿਆਰ ਕਰਕੇ ਸੋਧੇ ਬਜਟ ਅਨੁਮਾਨਾਂ ਦੇ ਨਾਲ ਭੇਜੀ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਆਪ ਵਲੋਂ ਉਪਰੋਕਤ SOEs ਵਿੱਚ ਸੋਧੇ ਬਜਟ ਅਨੁਮਾਨਾਂ ਵਿੱਚ ਰਾਸ਼ੀ ਦਾ ਉਪਬੰਧ ਨਹੀਂ ਕਰਵਾਇਆ ਜਾਵੇਗਾ।

Name of Office:............................
Major Head :............................
SOE :............................

| S.No. | Sanction No. | Date | Amount | Period of Bill<br>Name of Patient/Employee |
|---|---|---|---|---|
| | | | | |

5. ਸਾਲ 2016-17 ਦੇ ਸੋਧੇ ਬਜਟ ਅਨੁਮਾਨ ਸਬੰਧੀ ਲਿਖਿਆ ਜਾਂਦਾ ਹੈ ਕਿ ਸੋਧੇ ਬਜਟ ਅਨੁਮਾਨ ਆਪ ਵਲੋਂ ਭੇਜੇ ਜਾਂਦੇ ਹਨ, ਵਿੱਚ ਬਜਟ ਲੋੜ ਤੋਂ ਬਹੁਤ ਵੱਧ ਮੰਗ ਲਿਆ ਜਾਂਦਾ ਹੈ ਜਿਸ ਕਾਰਣ ਇਹ ਬਜਟ 31 ਮਾਰਚ ਤੱਕ ਖਰਚ ਨਹੀਂ ਹੁੰਦਾ ਅਤੇ ਮਾਰਚ ਦੇ ਆਖਰੀ ਦਿਨਾਂ ਵਿੱਚ ਇਸ ਦਫਤਰ ਨੂੰ ਸਰੰਡਰ ਕੀਤਾ ਜਾਂਦਾ ਹੈ ਇਸਲਈ ਸਹੀ ਅਨੁਮਾਨ ਹੀ ਭੇਜੇ ਜਾਣ। ਆਪ ਨੂੰ ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਵਾਧੇ ਘਾਟੇ ਦੀ ਸਾਰਣੀ ਤੋਂ ਬਾਅਦ ਨਾ ਤਾਂ ਕੋਈ ਬਜਟ ਸਰੰਡਰ ਕੀਤਾ ਜਾਵੇਗਾ ਅਤੇ ਨਾ ਹੀ ਕੋਈ ਹੋਰ ਬਜਟ ਦਿੱਤਾ ਜਾਵੇਗਾ। ਇਸਲਈ ਜਿੰਮੇਵਾਰੀ ਆਪ ਦੀ ਹੋਵੇਗੀ।

6. ਸਾਲ 2016-17 ਦੇ ਤਨਖਾਹ ਦੇ ਬਜਟ ਅਨੁਮਾਨ ਤਿਆਰ ਕਰਨ ਲਈ ਨੋਮੀਨਲ ਰੋਲ ਵਿੱਚ ਦਰਸਾਈ ਗਈ ਸੈਲਰੀ ਵਿੱਚ ਡੀ.ਏ ਵੱਜੋਂ ਤਨਖਾਹਾਂ ਵਿੱਚ ਵਾਧਾ 10% ਦਾ ਵਾਧਾ ਦੇ ਕੇ ਅਨੁਮਾਨ ਤਿਆਰ ਕਰਨੇ ਚਾਹੀਦੇ ਹਨ। ਬਾਕੀ ਮੱਦਾਂ ਸਬੰਧੀ ਮੁਕੰਮਲ ਵੇਰਵੇ ਸਪਸ਼ਟਤਾ ਸਹਿਤ ਮੁਹਇਆ ਕਰਵਾਏ ਜਾਣ।

7. ਵੱਖ ਵੱਖ ਮੱਦਾਂ ਦੇ ਸੋਧੇ ਬਜਟ ਅਨੁਮਾਨਾਂ ਵਿੱਚ ਨਾਨ ਪਲਾਨ(ਪਰਮਾਨੈਂਟ) ਅਤੇ ਨਾਨ ਪਲਾਨ(ਟੈਂਪਰੇਰੀ) ਸਕੀਮਾ ਦੀਆਂ ਪੋਸਟਾਂ ਦੀ ਸਥਿਤੀ ਭਾਵ ਪ੍ਰਮਾਣਿਤ ਅਸਾਮੀਆਂ, ਭਰੀਆਂ ਅਸਾਮੀਆਂ ਅਤੇ ਖਾਲੀ ਅਸਾਮੀਆ ਦਾ ਵੇਰਵਾ ਡੀ.ਡੀ.ਓ ਵਾਈਜ਼ ਅਤੇ ਪ੍ਰੋਫਾਰਮੇ ਅਨੁਸਾਰ ਖਰਚੇ ਦੇ ਆਧਾਰ ਤੇ ਸੋਧੇ ਬਜਟ ਅਨੁਮਾਨਾਂ ਦੀ ਤਜਵੀਜ਼ ਭੇਜੀ ਜਾਵੇ। ਖਾਲੀ ਅਸਾਮੀਆਂ ਅਤੇ ਰੋਕ ਕੇ ਰੱਖੀਆਂ ਅਸਾਮੀਆਂ ਲਈ ਕੋਈ ਬਜਟ ਨਾ ਮੰਗਿਆ ਜਾਵੇ।

ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ) ਨੂੰ ਲਿਖਿਆ ਜਾਂਦਾ ਹੈ ਕਿ ਉਹਨਾਂ ਵਲੋਂ ਜੋ ਬਜਟ ਸਕੂਲਾਂ/ਸੰਸਥਾਵਾਂ/ ਦਫਤਰਾਂ ਨੂੰ ਅਲਾਟ ਕੀਤਾ ਜਾਂਦਾ ਹੈ, ਉਹ ਬਜਟ ਸਬੰਧਤ **ਡੀ.ਡੀ.ਓ ਤੋਂ ਤਸਦੀਕ ਕਰਵਾਉਣ ਕਿ ਜੋ ਬਜਟ ਉਨ੍ਹਾਂ ਨੂੰ ਅਲਾਟ ਕੀਤਾ ਗਿਆ ਹੈ, ਉਹ 31 ਮਾਰਚ 2017 ਤੱਕ ਖਰਚ ਕਰ ਲੈਣਗੇ**। ਜੇਕਰ ਉਨ੍ਹਾਂ ਵਾਧੂ ਬਜਟ ਹੈ ਤਾਂ ਉਹ ਸਰੰਡਰ ਕਰਵਾਇਆ ਜਾਣਾ ਯਕੀਨੀ ਬਣਾ ਲਿਆ ਜਾਵੇ। ਜੇਕਰ ਨਿਸ਼ਚਿਤ ਮਿਤੀ ਤੱਕ ਸੋਧੇ ਬਜਟ ਅਨੁਮਾਨ ਅਤੇ ਅਨੁਮਾਨਤ ਬਜਟ ਪ੍ਰਾਪਤ ਨਹੀਂ ਹੁੰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਆਪ ਨੂੰ ਹੋਰ ਬਜਟ ਦੀ ਲੋੜ ਨਹੀਂ ਅਤੇ ਨਾ ਹੀ ਕੁਝ ਵੀ ਸਰੰਡਰ ਕਰਨਾ ਚਾਹੁੰਦੇ ਹੋ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)

Annexure - I

**Department:**

**Demand No.:**

**Major Head:**

Form BM- 2

(₹ In Thousands)

| SOE Code with Description | Voted/ Charged | Accounts | Budget Estimates | Additional Funds | Total Estimates (4+5) | First 6 Months Expenditure | Till Date Expenditure of Current Year | Total Bills Presented In The Treasuries Till Date | Proposed Revised Estimates | Proposed Budget Estimates | SOE Variation | Remarks |
|---|---|---|---|---|---|---|---|---|---|---|---|---|
| | | [2015-2016] | [2016-2017] | [2016-2017] | [2016-2017] | [2016-2017] | [2016-2017] | [2016-2017] | [2016-2017] | [2017-2018] | | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 |